ਕੇਂਦਰ ਸਰਕਾਰ ਕਿਸਾਨਾਂ ਬਾਰੇ ਸੋਚੇ -ਟਿਕੈਤ

ਨਵੀਂ ਦਿੱਲੀ, 24 ਫਰਵਰੀ (ਅ.ਬ.)-ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਚੌਧਰੀ ਮਹਿੰਦਰ ਸਿੰਘ ਟਿਕੈਤ ਨੇ ਅੱਜ ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਕਿਸਾਨੀ ਜਿਣਸਾਂ ਦੇ ਭਾਅ ਮਿੱਥਣ ਸੰਬੰਧੀ ਡਾ. ਸਵਾਮੀਨਾਥਨ ਵੱਲੋਂ ਸਾਲ 2006 ਵਿੱਚ ਦਿੱਤੀ ਰਿਪੋਰਟ ਅਜੇ ਤੱਕ ਲਾਗੂ ਨਹੀਂ ਕੀਤੀ ਗਈ, ਦੂਜੇ ਪਾਸੇ ਖਾਦਾਂ ਦੇ ਭਾਅ 10 ਫੀਸਦੀ ਵਧਾਏ ਜਾ ਰਹੇ ਹਨ, ਜਿਸ ਨਾਲ ਕਿਸਾਨਾਂ 'ਤੇ ਬਹੁਤ ਵੱਡਾ ਆਰਥਿਕ ਬੋਝ ਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਖਾਦਾਂ ਦਾ ਸਬਸਿਡੀ ਦਾ ਸਿਸਟਮ ਨਿਊਟਰੀਸ਼ਨ ਬੇਸਿਡ ਕਰਕੇ ਇੰਨਾ ਗੁੰਝਲਦਾਰ ਬਣਾਇਆ ਜਾ ਰਿਹਾ ਹੈ, ਜਿਸ ਨਾਲ ਰਿਸ਼ਵਤਖੋਰੀ ਤਾਂ ਵਧੇਗੀ ਹੀ ਸਗੋਂ ਇਸ ਸਿਸਟਮ ਨਾਲ ਕਿਸਾਨਾਂ ਨੂੰ ਹੋਰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਵੇਗਾ। ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੇ ਲਾਭਦਾਇਕ ਭਾਅ ਨਹੀਂ ਮਿਲ ਰਹੇ ਅਤੇ ਦੇਸ਼ ਵਿੱਚ ਲੱਗਭੱਗ ਹਰ ਦੂਜਾ ਛੋਟਾ ਕਿਸਾਨ ਸਾਹੂਕਾਰਾਂ, ਬੈਂਕਾਂ ਦੇ ਕਰਜ਼ ਜਾਲ ਵਿੱਚ ਫਸਿਆ ਹੋਇਆ ਹੈ ਅਤੇ ਇਸ ਕਰਜ਼-ਜਾਲ ਵਿੱਚ ਫਸੇ ਬਹੁਤ ਸਾਰੇ ਕਿਸਾਨ ਆਤਮ ਹੱਤਿਆਵਾਂ ਕਰ ਚੁੱਕੇ ਹਨ। ਉਨ੍ਹਾਂ ਮੰਗ ਕੀਤੀ ਕਿ ਖਾਦਾਂ ਦੇ ਵਧਾਏ ਰੇਟ ਤੁਰੰਤ ਵਾਪਸ ਲਏ ਜਾਣ ਅਤੇ ਖਾਦ ਸਬਸਿਡੀ ਕਿਸਾਨਾਂ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਨਕਦ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਆਤਮ ਹੱਤਿਆਵਾਂ ਤੋਂ ਬਚਾਉਣ ਲਈ ਕਿਸਾਨੀ ਜਿਣਸਾਂ ਦੇ ਭਾਅ ਸਵਾਮੀਨਾਥਨ ਦੀ ਰਿਪੋਰਟ ਅਨੁਸਾਰ ਨਿਰਧਾਰਤ ਕੀਤੇ ਜਾਣ। ਇਸ ਮੌਕੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ, ਪੰਜਾਬ ਦੇ ਪ੍ਰਧਾਨ ਸ੍ਰ.ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਪੇਂਡੂ ਲੋਕਾਂ ਖਾਸ ਕਰਕੇ ਕਿਸਾਨਾਂ ਦੇ ਆਰਥਿਕ ਤੌਰ 'ਤੇ ਟੁੱਟਣ ਦਾ ਮੁੱਖ ਕਾਰਨ ਕੇਂਦਰੀ ਸਰਕਾਰ ਵੱਲੋਂ ਉਨ੍ਹਾਂ ਦੀਆਂ ਫਸਲਾਂ ਦਾ ਲਾਗਤ ਮੁਤਾਬਿਕ ਲਾਭਦਾਇਕ ਭਾਅ ਨਾ ਦੇਣਾ ਹੈ। ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਚੌਧਰੀ ਮਹਿੰਦਰ ਸਿੰਘ ਟਿਕੈਤ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਦੇਸ਼ ਦੇ ਕਿਸਾਨ ਕਿਸਾਨੀ ਮੰਗਾਂ ਲਈ 9 ਮਾਰਚ ਨੂੰ ਵੱਡੀ ਗਿਣਤੀ ਵਿੱਚ ਦਿੱਲੀ ਵਿਖੇ ਵੱਡੀ ਕਿਸਾਨ ਪੰਚਾਇਤ ਕਰ ਰਹੇ ਹਨ, ਜੇਕਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਰਕਾਰ ਨੂੰ ਕਿਸਾਨਾਂ ਦੇ ਰੋਹ ਅਤੇ ਵੱਡੇ ਅੰਦੋਲਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੌਕੇ ਦਿੱਲੀ, ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਪ੍ਰਧਾਨਾਂ ਦੇ ਇਲਾਵਾ ਹਰਿਆਣਾ ਦੇ ਪ੍ਰਧਾਨ ਸ੍ਰ. ਗੁਰਨਾਮ ਸਿੰਘ ਰਾਜਸਥਾਨ ਦੇ ਪ੍ਰਧਾਨ ਸ੍ਰੀ ਪੂਰਨ ਮੱਲ ਸੂਦਾ, ਉਤਰਾਂਚਲ ਦੇ ਪ੍ਰਧਾਨ ਸ੍ਰ. ਐੱਸ.ਐੱਸ. ਚੀਮਾ, ਪੰਜਾਬ ਤੋਂ ਸ੍ਰ. ਭੁਪਿੰਦਰ ਸਿੰਘ ਮਹੇਸ਼ਰੀ,ਜਨਰਲ ਸਕੱਤਰ ਪ੍ਰੈੱਸ ਅਤੇ ਮਾਸਟਰ ਅਜਮੇਰ ਸਿੰਘ ਗਿੱਲ, ਜਨਰਲ ਸਕੱਤਰ ਵਿੱਤ ਹਾਜ਼ਰ ਸਨ।

ਸਿੱਖਾਂ ਦੇ ਸਿਰ ਕਲਮ ਕਰਨਾ ਘਿਨਾਉਣਾ ਕਾਰਾ-ਖਾਲਸਾ ਐਕਸ਼ਨ ਕਮੇਟੀ, ਦਲ ਖਾਲਸਾ

ਪਾਕਿ ਦੂਤਾਵਾਸ ਨੂੰ ਭੇਜਿਆ ਮੰਗ ਪੱਤਰ

ਜਲੰਧਰ, 24 ਫਰਵਰੀ (ਸਰਬਜੀਤ ਵਾਲੀਆ)-ਖਾਲਸਾ ਐਕਸ਼ਨ ਕਮੇਟੀ ਅਤੇ ਦਲ ਖਾਲਸਾ ਨੇ ਪਾਕਿਸਤਾਨ ਸਰਕਾਰ ਨੂੰ ਸਿੱਖਾਂ ਦੇ ਕਾਤਲਾਂ ਨੂੰ ਉਨ੍ਹਾਂ ਦੇ ਘਿਨੌਣੇ ਕਾਰੇ ਲਈ ਯੋਗ ਸਜ਼ਾ ਦੇਣ ਦੀ ਅਪੀਲ ਕੀਤੀ ਹੈ। ਪਾਕਿਸਤਾਨੀ ਨਾਗਰਿਕ ਜਸਪਾਲ ਸਿੰਘ ਅਤੇ ਦੂਸਰੇ ਸਿੱਖ ਦੇ ਕਤਲ ਤੋਂ ਬਾਅਦ ਸਿੱਖ ਕੌਮ ਅੰਦਰ ਆਏ ਰੋਸ ਅਤੇ ਰੋਹ ਦਾ ਪ੍ਰਗਟਾਵਾ ਕਰਨ ਲਈ ਖਾਲਸਾ ਐਕਸ਼ਨ ਕਮੇਟੀ ਅਤੇ ਦਲ ਖਾਲਸਾ ਵੱਲੋਂ ਇੱਕ ਖ਼ਤ ਨਵੀਂ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੂੰ ਭੇਜਿਆ ਗਿਆ ਹੈ। ਭਾਈ ਮੋਹਕਮ ਸਿੰਘ ਅਤੇ ਭਾਈ ਕੰਵਰਪਾਲ ਸਿੰਘ ਵੱਲੋਂ ਲਿਖੇ ਖ਼ਤ ਤਾਲਿਬਾਨਾਂ ਹੱਥੋਂ ਬੇਰਹਿਮੀ ਨਾਲ ਕੀਤੇ ਗਏ ਦੋ ਸਿੱਖਾਂ ਦੇ ਕਤਲ ਵਿਰੁੱਧ ਸਿੱਖ ਕੌਮ ਵਿੱਚ ਉਭਰੇ ਰੋਹ ਭਰੇ ਜਜ਼ਬਾਤਾਂ ਦੀ ਤਰਜ਼ਮਾਨੀ ਕੀਤੀ ਗਈ ਹੈ ਅਤੇ ਨਾਲ ਹੀ ਪਾਕਿਸਤਾਨ ਸਰਕਾਰ ਦੀ ਤਾਲਿਬਾਨਾਂ ਵਿਰੁੱਧ ਚਲ ਰਹੀ ਜੰਗ ਦਾ ਸਮਰਥਨ ਵੀ ਕੀਤਾ ਗਿਆ ਹੈ। ਪਾਸਿਤਾਨ ਹਾਈ ਕਮਿਸਨਰ ਸ੍ਰੀ ਸ਼ਾਹਿਰ ਮਲਿਕ ਨੂੰ ਭੇਜੇ ਗਏ ਖ਼ਤ ਵਿੱਚ ਆਗੂਆਂ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਕਬਾਇਲੀ ਖੇਤਰ ਵਿੱਚ ਸਿੱਖ ਗਿਣਤੀ ਪੱਖੋਂ ਬਹੁਤ ਹੀ ਥੋੜ੍ਹੇ ਹਨ ਅਤੇ ਉਹ ਪਿਛਲੇ ਲੰਮੇ ਸਮੇਂ ਤੋਂ ਇਕ ਡਰ ਦੇ ਮਾਹੌਲ ਵਿਚ ਜੀਅ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਉਥੋਂ ਦੇ ਸਿੱਖ ਪੂਰੀ ਤਰ੍ਹਾਂ ਖੌਫਜ਼ਦਾ ਹੋ ਚੁੱਕੇ ਹਨ। ਉਨ੍ਹਾਂ ਅਕਾਲੀ ਆਗੂਆਂ ਦੀ ਮੰਗ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਉਨ੍ਹਾਂ ਸਿੱਖ ਨੌਜਵਾਨਾਂ ਨੂੰ ਬਿਨਾਂ ਡਰ ਅਤੇ ਸ਼ਰਤ ਦੇ ਵਾਪਸ ਪੰਜਾਬ ਆਉਣ ਦੀ ਇਜ਼ਾਜ਼ਤ ਦੇ ਦੇਣੀ ਚਾਹੀਦੀ ਹੈ ਜਿਨ੍ਹਾਂ ਦਾ ਸਿੱਖ ਸੰਘਰਸ਼ ਨਾਲ ਸਿੱਧਾ ਸਬੰਧ ਨਹੀਂ ਸੀ ਪਰ ਉਹ ਸਿਰਫ ਪੁਲਿਸ ਦੀ ਦਹਿਸ਼ਤ ਕਾਰਨ ਹੀ ਵਿਦੇਸ਼ਾਂ ਵਿੱਚ ਚਲੇ ਗਏ ਸਨ ਅਤੇ ਅੱਜ ਤੱਕ ਆਪਣੇ ਘਰ ਵਾਪਸ ਨਹੀਂ ਪਰਤੇ।

ਖ਼ਬਰਨਾਮਾ

ਗੁਰਨਾਮ/ਕੁਹਾੜਾ

ਸੂਬੇ 'ਚ ਗੁੰਡਾਗਰਦੀ ਤੇ ਧੱਕੇਸ਼ਾਹੀ ਦਾ ਬੋਲਬਾਲਾ : ਭੰਡਾਲ

ਕੁਹਾੜਾ 24 ਫ਼ਰਵਰੀ (ਗੁਰਨਾਮ) ਪੰਜਾਬ 'ਚ ਅਕਾਲੀ ਭਾਜਪਾ ਦੀ ਸਰਕਾਰ 'ਚ ਅਮਨ ਕਾਨੂੰਨ ਦੀ ਸਥਿਤੀ ਦਾ ਰੱਬ ਰਾਖਾ ਹੈ। ਜਿਸ ਨੂੰ ਕਾਇਮ

ਰੱਖਣਾ ਸਰਕਾਰ ਦੀ ਮੁਢੱਲੀ ਜਿੰਮੇਵਾਰੀ ਹੁੰਦੀ ਹੈ। ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਬੇਰੁਜਗਾਰੀ 'ਚ ਅਥਾਹ ਵਾਧਾ ਹੋ ਰਿਹਾ ਹੈ। ਜਿਸ ਕਾਰਨ ਲੁੱਟਾਂ ਖੋਹਾਂ, ਚੋਰੀਆਂ ਤੇ ਕਤਲ ਵਰਗੇ ਜੁਰਮ ਦਿਨੋ ਦਿਨ ਵੱਧ ਰਹੇ ਹਨ। ਜਿਸ ਨੂੰ ਰੋਕਣ ਲਈ ਸਰਕਾਰ ਕੋਈ ਯਤਨ ਨਹੀ ਕਰ ਰਹੀ। ਸਗੋਂ ਇੰਝ ਜਾਪਦਾ ਜਿਵੇਂ ਇਸ ਨੂੰ ਸਰਕਾਰ ਸਹਿ ਪ੍ਰਾਪਤ ਹੋਵੇ। ਉਪਰੋਕਤ ਵਿਚਾਰ ਪੰਜਾਬ ਪ੍ਰਦੇਸ ਕਾਗਰਸ ਦੇ ਜਿਲ੍ਹਾ ਪ੍ਰਧਾਨ ਐਡਵੋਕੇਟ ਭਲਿੰਦਰ ਸਿੰਘ ਭੰਡਾਲ ਨੇ ਕੁਹਾੜਾ ਵਿਖੇ ਕੁਝ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ।

ਉਹਨਾਂ ਅੱਗੇ ਕਿਹਾ ਕਿਹਾ ਪੰਜਾਬ ਸਰਕਾਰ ਦੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਲੋ ਗੁੰਡਾਗਰਦੀ ਨੂੰ ਸਿਆਸੀ ਸਹਿ ਦਿੱਤੀ ਜਾ ਰਹੀ ਹੈ। ਬੀਤੇ ਦਿਨੀ ਈਸਾਈ ਭਾਈਚਾਰੇ ਵੱਲੋ ਈਸਾ ਮਸੀਹ ਦੀ ਅਪਮਾਨਜਨਕ ਤਸ਼ਵੀਰ ਦਾ ਪ੍ਰਦਰਸ਼ਨ ਕਰਕੇ ਜੋ ਬਟਾਲੇ ਸ਼ਹਿਰ 'ਚ ਅਹਿਸ਼ਕ ਕਾਰਵਾਈਆਂ ਹੋਈਆਂ ਇਹ ਸਭ ਸਰਕਾਰ ਦੀ ਨਲਾਇਕੀ ਦਾ ਚਿਹਰਾ ਨੰਗਾ ਕਰਦੀਆਂ ਹਨ। ਬਾਦਲ ਰਾਜ 'ਚ ਅਜਿਹੀਆਂ ਪੰਜ ਵਾਰ ਘਟਨਾਵਾ ਹੋ ਚੁੱਕੀਆਂ ਹਨ। ਜਿਨ੍ਹਾਂ 'ਚ ਸੂਬੇ ਦੀ ਜਨਤਾ ਦੀ ਕਰੋੜਾਂ ਰੁਪਏ ਦੀ ਸੰਪਤੀ ਬਰਬਾਦ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਅਕਾਲੀ ਸੂਬੇ ਅੰਦਰ ਹਰ ਚੀਜ ਤੇ ਆਪਣਾ ਕਬਜਾ ਕਰਨਾ ਚਾਹੁੰਦੀ ਹੈ। ਜਿਸ ਤਹਿਤ ਉਨ੍ਹਾਂ ਰੋਡਵੇਜ, ਕੇਵਲ ਟੀ.ਵੀ., ਸ਼ਰਾਬ ਦੇ ਠੇਕੇ, ਰੇਤਾ ਤੇ ਭੂ ਮਾਫੀਆਂ ਤੇ ਪਹਿਲਾ ਕਬਜਾ ਕੀਤਾ ਹੋਇਆ ਹੈ। ਪਰ ਹੁਣ ਸੂਬੇ ਜਨਤਾ ਇਨ੍ਹਾਂ ਦੀਆਂ ਲੂੰਬੜ ਚਾਲਾਂ 'ਚ ਨਹੀ ਆਉਣਗੇ। ਇਸ ਮੌਕੇ ਸਰਪੰਚ ਸਤਵੰਤ ਸਿੰਘ ਸਿੱਧੂਪੁਰ ਜਨਰਲ ਸਕੱਤਰ ਲੁਧਿਆਣਾ, ਰਾਮਨਾਥ ਸ਼ਰਮਾ ਸਾਹਨੇਵਾਲ ਸਕੱਤਰ, ਭਗਵੰਤ ਸਿੰਘ ਬਿਲਗਾ ਪ੍ਰਧਾਨ ਗੁਰਦੁਆਰਾ ਕਮੇਟੀ ਹਾਜਰ ਸਨ।

25 ਦੀ ਰੈਲੀ ਖੱਬੀ ਲਹਿਰ ਦੇ ਇਤਿਹਾਸ ਦਾ ਮੀਲ ਪੱਥਰ ਸਾਬਤ ਹੋਵੇਗੀ-ਪਾਸਲਾ

ਜਲੰਧਰ, 24 ਫਰਵਰੀ (ਮਨਜੀਤ ਸਿੰਘ)- ਸੀ.ਪੀ.ਐਮ. ਪੰਜਾਬ ਦੀ ਨਕੋਦਰ ਵਿਖੇ 25 ਤੋਂ 28 ਫਰਵਰੀ ਤੱਕ ਹੋਣ ਜਾ ਰਹੀ ਤੀਜੀ ਸੂਬਾਈ ਜਥੇਬੰਦਕ ਕਾਨਫਰੰਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਸ ਕਾਨਫਰੰਸ ਦੀ ਸ਼ੁਰੂਆਤ 25 ਫਰਵਰੀ ਨੂੰ ਹੋਣ ਵਾਲੀ ਇੱਕ ਵਿਸ਼ਾਲ ਰੈਲੀ ਨਾਲ ਹੋਵੇਗੀ ਜੋ ਖੱਬੀ ਲਹਿਰ ਦੇ ਇਤਿਹਾਸ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਹੋਵੇਗੀ। ਇਹ ਗੱਲ ਪਾਰਟੀ ਦੇ ਸੂਬਾ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਹੀ ਹੈ। ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਸਾਥੀ ਪਾਸਲਾ ਨੇ ਕਿਹਾ ਹੈ ਕਿ ਕਾਨਫਰੰਸ ਵਾਲੀ ਥਾਂ ਦਾ ਨਾਂਅ ਸ਼ਹੀਦਾਂ ਦੇ ਸਿਰਤਾਜ, ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਰੱਖਿਆ ਗਿਆ ਹੈ ਜਦਕਿ ਰੈਲੀ ਵਾਸਤੇ ਲਗਾਈ ਗਈ ਸਟੇਜ ਦੇ ਨਾਂਅ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਦੇ ਨਾਂਅ 'ਤੇ 'ਪੰਡਿਤ ਕਿਸ਼ੋਰੀ ਲਾਲ ਮੰਚ' ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਆਪਣੇ ਮਾਣਮੱਤੇ ਵਿਰਸੇ ਨੂੰ ਭੁਲਾਉਣ ਵਾਲੀ ਕੋਈ ਵੀ ਲਹਿਰ ਅੱਗੇ ਨਹੀਂ ਵੱਧ ਸਸਕਦੀ ਤੇ ਪਾਰਟੀ ਨੇ ਇਹਨਾਂ ਮਹਾਨ ਸ਼ਖ਼ਸੀਅਤਾਂ ਨੂੰ ਆਪਣੀ ਕਾਨਫਰੰਸ ਸਮਰਪਿਤ ਕਰਕੇ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਕਿਰਤੀ ਲੋਕਾਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਸੰਘਰਸ਼ ਲੜਦਿਆਂ ਲੁੱਟ ਚੋਂਘ ਤੋਂ ਮੁਕਤ ਇੱਕ ਬਰਾਬਰੀ ਵਾਲਾ ਨਿਜ਼ਾਮ ਸਿਰਜਣ ਦੇ ਨਿਸ਼ਾਨੇ ਦੀ ਪ੍ਰਾਪਤੀ ਵੱਲ ਵੱਧਦਿਆਂ ਪਾਰਟੀ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਹਟੇਗੀ।

ਧਾਰਮਿਕ ਦੀਵਾਨ 25 ਤੋਂ 28 ਫ਼ਰਵਰੀ ਤੱਕ

ਕੁਹਾੜਾ 24 ਫ਼ਰਵਰੀ (ਗੁਰਨਾਮ) ਸਮੂਹ ਗ੍ਰਾਮ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਵੱਲੋ ਨਜਦੀਕੀ ਪਿੰਡ ਭਾਗਪੁਰ ਵਿਖੇ ਸੰਤ ਬਾਬਾ ਹਰੀ ਸਿੰਘ ਜੀ ਰੰਧਾਵਾ ਵਾਲਿਆਂ ਦੇ ਧਾਰਮਿਕ ਦੀਵਾਨ 25 ਤੋ 28 ਫ਼ਰਵਰੀ ਤੱਕ ਦੁਪਹਿਰ 1 ਵਜੇ ਤੋ ਸਾਮ 4 ਵਜੇ ਤੱਕ ਕਰਵਾਏ ਜਾ ਰਹੇ ਹਨ। ਇਸ ਮੌਕੇ ਸੰਤ ਬਾਬਾ ਮੇਜਰ ਸਿੰਘ ਜੀ ਪੰਜ ਭੈਣੀਆਂ ਵਾਲੇ ਵੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਸਾਧ ਸੰਗਤ ਸ਼ਮੇ ਸਿਰ ਪਹੁੰਚਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਲੁੱਟਾਂ ਖੋਹਾਂ ਦੇ ਗਿਰੋਹ ਦੇ ਮੈਂਬਰ ਭਾਰੀ ਅਸਲੇ ਸਮੇਤ ਕਾਬੂ

ਸਮਾਣਾ, 24 ਫਰਵਰੀ (ਸਾਹਿਬ ਸਿੰਘ)-ਸਮਾਣਾ ਪੁਲਿਸ ਨੇ ਲੁੱਟਾਂ ਖੋਹਾਂ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਕੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਸ੍ਰੀ ਰਣਬੀਰ ਸਿੰਘ ਖੱਟੜਾ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਨੇ ਪ੍ਰੈਸ ਮਿਲਣੀ ਦੌਰਾਨ ਦੱਸਿਆ ਕਿ ਸਮਾਣਾ ਏਰੀਆ ਦੇ ਆਲੇ ਦੁਆਲੇ ਪਿੰਡਾਂ ਵਿੱਚ ਹੋ ਰਹੀਆਂ ਕਾਫੀ ਲੰਬੇ ਸਮੀ ਤੋਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲੇ ਅੰਤਰਰਾਜੀ ਗਿਰੋਹ ਦੇ ਮੈਂਬਰਾਂ ਵਿੱਚੋਂ ਸਮਾਣਾ ਪੁਲਿਸ ਨੇ ਮਨਦੀਪ ਸਿੰਘ ਉਰਫ ਦੀਪੀ ਪੁੱਤਰ ਜਰਨੈਲ ਸਿੰਘ ਜੱਟ ਵਾਸੀ ਅਚਰਾਲ ਖੁਰਦ ਥਾਣਾ ਸਮਾਣਾ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਗੁਰਦੀਪ ਸਿੰਘ ਵਾਸੀ ਹਲੇੜ ਥਾਣਾ ਦਸੂਹਾ ਨੂੰ ਜੇਰ ਅਗਵਾਈ ਸ੍ਰੀ ਜਸਕਿਰਨਜੀਤ ਸਿੰਘ ਤੇਜਾ, ਡੀ.ਐਸ.ਪੀ. ਸਰਕਲ ਸਮਾਣਾ ਅਤੇ ਜਸਵਿੰਦਰ ਸਿੰਘ ਟਿਵਾਣਾ ਐਸ.ਐਚ.ਓ. ਸਦਰ ਸਮਾਣਾ, ਸਤਨਾਮ ਸਿੰਘ ਐਸ.ਐਚ. ਓ. ਸਿਟੀ ਸਮਾਣਾ ਨੇ ਸਮੇਤ ਸ. ਨਰੈਣ ਸਿੰਘ, ਜਗਦੀਸ਼ ਕੁਮਾਰ, ਦਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਦੇ ਨਾਕਾਬੰਦੀ ਦੌਰਾਨ ਬਾਹੱਦ ਪਿੰਡ ਗੋਬਿੰਦ ਨਗਰ ਬਸਤੀ ਸਮਾਣਾ ਤੋਂ ਗ੍ਰਿਫਤਾਰ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਲੋਕਾਂ ਦੇ ਖੋਹੇ ਹੋਏ ਤਿੰਨ ਮੋਟਰਸਾਈਕਲ ਬਰਾਮਦ ਕਰਕੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ।

ਅਕਾਲੀ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ-ਘੁੰਨਸ

ਭਦੌੜ, 24 ਫਰਵਰੀ (ਸੁਰਿੰਦਰ ਬੱਤਾ, ਰੌਕੀ)-ਸ਼੍ਰੋਮਣੀ ਅਕਾਲੀ ਦਲ ਭਾਜਪਾ ਦੇ ਵਿਧਾਇਕ ਸੰਤ ਬਲਵੀਰ ਸਿੰਘ ਘੁੰਨਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦਾ ਅਚਨਚੇਤ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਸਮੂਹ ਸਟਾਫ ਅਤੇ ਪਸਵਕ ਕਮੇਟੀ ਮੈਂਬਰਾਂ ਕਸਬੇ ਦੇ ਪਤਵੰਤੇ ਵਿਅਕਤੀਆਂ ਨਾਲ ਸਕੂਲ ਦੀ ਨਵੀਂ ਇਮਾਰਤ ਲਈ ਆਈ 20 ਲੱਖ ਰੁਪਏ ਦੀ ਗਰਾਂਟ ਨਾਲ ਕਮਰੇ ਬਣਾਉਣ ਸੰਬੰਧੀ ਵਿਚਾਰ ਵਟਾਂਦਰਾ ਵੀ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਹਰੇਕ ਸਕੂਲ ਨੂੰ ਬਣਦੀ ਸਹਾਇਤਾ ਦਿੱਤੀ ਜਾਵੇਗੀ। ਇਸ ਮੌਕੇ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਝੀਤਾ, ਨਗਰ ਕੌਂਸਲ ਦੇ ਪ੍ਰਧਾਨ ਜਸਵੀਰ ਸਿੰਘ ਧੰਮੀ, ਗੁਰਮੇਲ ਸਿੰਘ ਪਸਵਕ ਕਮੇਟੀ ਮੈਂਬਰ ਹੇਮ ਰਾਜ ਸ਼ਰਮਾ, ਰਾਜ ਸਿੰਘ, ਅਮਰਜੀਤ ਚੌਧਰੀ, ਅਮਰ ਸਿੰਘ ਬੀ.ਏ., ਚਰਨਜੀਤ ਕੌਰ ਆਦਿ ਹਾਜ਼ਰ ਸਨ।

ਸੱਗੂ 'ਤੇ ਹੋਏ ਕਾਤਲਾਨਾ ਹਮਲੇ ਦੀ ਨਿੰਦਾ

ਮੂਨਕ, 24 ਫਰਵਰੀ (ਚਰਨਜੀਤ ਕੌਰ)-ਧੂਰੀ ਤੋਂ ਅਜੀਤ ਪੱਤਰਕਾਰ ਮਨੋਹਰ ਸਿੰਘ ਸੱਗੂ 'ਤੇ ਹੋਏ ਕਾਤਲਾਨਾ ਹਮਲੇ ਦੀ ਪ੍ਰੈੱਸ ਕਲੱਬ ਮੂਨਕ ਦੇ ਮੈਂਬਰ ਸ੍ਰ. ਰਾਜਪਾਲ ਸਿੰਘ ਸਿੰਗਲਾ, ਸੀਨੀਅਰ ਪੱਤਰਕਾਰ ਕੇਵਲ ਸਿੰਗਲਾ, ਬ੍ਰਿਜ ਲਾਲ ਗਰਗ, ਪ੍ਰਵੀਨ ਮੈਦਾਨ, ਹਰਦੀਪ ਕੁਮਾਰ, ਚਰਨਜੀਤ ਕੌਰ ਲਖੇਸਰ, ਕਮਲਜੀਤ ਕੌਰ ਖੰਨਾ, ਸ਼ੰਭੂ ਗੋਇਲ, ਚਰਨਜੀਤ ਸੈਣੀ, ਹਰਮੇਸ਼ ਭਾਰਦਵਾਜ ਤੋਂ ਇਲਾਵਾ ਨੀਲਪਾਲ ਸ਼ਰਮਾ ਨੇ ਚੌਥੇ ਥੰਮ੍ਹ ਤੇ ਕੀਤਾ ਹਮਲਾ ਦੱਸਦਿਆਂ ਇਸ ਦੀ ਨਿੰਦਿਆ ਕੀਤੀ ਅਤੇ ਮੁਰਜਮਾਂ ਨੂੰ ਜਲਦੀ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

ਸੜਕ ਹਾਦਸੇ 'ਚ ਦੋ ਵਿਆਕਤੀਆਂ ਦੀ ਮੌਤ

ਕੁਹਾੜਾ 24 ਫ਼ਰਵਰੀ (ਗੁਰਨਾਮ) ਚੰਡੀਗੜ੍ਹ ਲੁਧਿਆਣਾ ਮਾਰਗ ਸਥਿਤ ਕੁਹਾੜਾ ਪੈਟਰੋਲ ਪੰਪ ਨਜਦੀਕ ਇੱਕ ਕਾਰ ਦੀ ਲਪੇਟ 'ਚ ਆਓਣ ਨਾਲ ਦੋ ਵਿਆਕਤੀਆਂ ਦੀ ਮੌਤ ਹੋਣ ਦੀ ਸੂਚਨਾ ਮਿਲੀ। ਰਾਮਗੜ੍ਹ ਚੌਂਕੀ ਇੰਚਾਰਜ ਵਿਕਰਮਜੀਤ ਸਿੰਘ ਘੁੰਮਣ ਤੇ ਮੁਨਸ਼ੀ ਰਣਧੀਰ ਸਿੰਘ ਤੋ ਮਿਲੀ ਜਾਣਕਾਰੀ ਅਨੁਸਾਰ ਅਵਤਾਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਰਾਮਗੜ੍ਹ ਜੋ ਕੁਹਾੜਾ ਵਿਖੇ ਹਲਵਾਈ ਦਾ ਕੰਮ ਕਰਦਾ ਸੀ ਤੇ ਰਾਮ ਸੰਕਰ ਪੁੱਤਰ ਸਤਿਆ ਨਰਾਇਣ ਵਾਸੀ ਮਾਨਗੜ੍ਹ ਜੋ ਫੈਕਟਰੀ ਤੇ ਕੰਮ ਜਾਣ ਸਮੇ ਲੁਧਿਆਣਾ ਤੋ ਸਮਰਾਲੇ ਵੱਲ ਤੇਜ ਰਫ਼ਤਾਰ ਨਾਲ ਜਾ ਰਹੀ ਆਈ ਕੋਨ ਫੋਰਡ ਕਾਰ ਨੰ : ਪੀ.ਬੀ.10 ਸੀ.ਆਰ.4331 ਨੇ ਦੋ ਵਿਆਕਤੀਆਂ ਨੂੰ ਆਪਣੀ ਲਪੇਟ 'ਚ ਲੈ ਲਿਆ। ਜਿਨ੍ਹਾਂ ਦੀ ਮੌਕੇ ਤੇ ਮੌਤ ਹੋ ਗਈ। ਕਾਰ ਚਾਲਕ ਹਰਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਮੁੰਡੀਆਂ ਨੂੰ ਹਿਰਾਸ਼ਤ 'ਚ ਲੈਣ ਤੋ ਬਾਅਦ ਪਰਚਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਨਜਦੀਕੀ ਪਿੰਡ ਝਾਬੇਵਾਲ ਨਿਵਾਸੀ ਕੁਲਵੀਰ ਸਿੰਘ ਪੁੱਤਰ ਗੁਰਮੇਲ ਸਿੰਘ ਦੀ ਫਾਹਾ ਲੈਣ ਨਾਲ ਮੌਤ ਹੋ ਜਾਣ ਦੀ ਸੂਚਨਾ ਮਿਲੀ। ਰਾਮਗੜ੍ਹ ਚੌਂਕੀ ਇੰਚਾਰਜ ਵਿਕਰਮਜੀਤ ਸਿੰਘ ਘੁੰਮਣ ਤੋ ਮਿਲੀ ਜਾਣਕਾਰੀ ਅਨੁਸਾਰ ਉਕਤ ਵਿਆਕਤੀ ਮਾਨਸ਼ਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੁੰਦਿਆਂ ਗਲ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਪੁਲੀਸ਼ ਨੇ 174 ਦੀ ਕਾਰਵਾਈ ਕਰਕੇ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ।

ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਣਾ ਲੈਣ ਦੀ ਲੋੜ-ਢੀਂਡਸਾ

ਮਹਿਲ ਕਲਾਂ, 24 ਫਰਵਰੀ (ਬਲਵਿੰਦਰ ਵਜੀਦਕੇ, ਪ੍ਰੇਮ ਕੁਮਾਰ ਪਾਸੀ)-ਸੰਨ 1762 ਈਸਵੀ ਦੇ 35 ਹਜ਼ਾਰ ਅਤਿ ਵੱਡੇ ਘੱਲੂਘਾਰੇ ਵਿੱਚ ਕੁੱਪ ਰੋਹੀੜਾ ਤੋਂ ਗਹਿਲਾਂ ਤੱਕ ਸਮੂਹ ਸ਼ਹੀਦਾਂ ਨੇ ਮੁਗਲਾਂ ਨਾਲ ਲੋਹਾ ਲੈਂਦਿਆਂ ਸਿੱਖ ਕੌਮ ਲਈ ਕੀਤੀਆਂ ਕੁਰਬਾਨੀਆਂ ਇਤਿਹਾਸ ਵਿੱਚ ਇੱਕ ਪ੍ਰੇਰਨਾਸ੍ਰੋਤ ਹਨ, ਕਿਉਂਕਿ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲਦੀ। ਇਹ ਵਿਚਾਰ ਅੱਜ ਪੰਜਾਬ ਸਰਕਾਰ ਦੇ ਲੋਕ ਨਿਰਮਾਣ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਹਲਕਾ ਮਹਿਲ ਕਲਾਂ ਦੇ ਇਤਿਹਾਸਕ ਪਿੰਡ ਗਹਿਲ ਵਿਖੇ ਨਹਿਰ ਦੇ ਨਵੇਂ ਉਸਾਰੇ ਗਏ ਪੁਲ ਦਾ ਉਦਘਾਟਨ ਕਰਨ ਉਪਰੰਤ 35 ਹਜ਼ਾਰ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਮਨਾਏ ਜਾ ਰਹੇ ਜੋੜ ਮੇਲੇ ਦੇ ਦੂਜੇ ਦਿਨ ਗੁਰਦੁਆਰਾ ਸਾਹਿਬ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਇਤਿਹਾਸਕ ਪਿੰਡ ਕੁੱਪਰੋਹੀੜਾਂ ਤੋਂ ਗਹਿਲ ਤੱਕ 18 ਫੁੱਟੀ ਸੜਕ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਜੋ ਜਲਦੀ ਹੀ ਮੁਕੰਮਲ ਹੋ ਜਾਵੇਗੀ।

ਅਨੁਸੂਚਿਤ ਜਾਤੀ ਲੈਕਚਰਾਰਾਂ ਵੀ ਦਿੱਤਾ ਸਰਕਾਰ ਨੂੰ 28 ਤੱਕ ਅਲਟੀਮੇਟਮ

ਲੁਧਿਆਣਾ, 24 ਫਰਵਰੀ (ਰਾਜ ਜੋਸ਼ੀ)-ਅਨੁਸੂਚਿਤ ਜਾਤੀ ਇੰਪਲਾਈਜ਼ ਜਾਇੰਟ (5 ਜਥੇਬੰਦੀਆਂ ਦੀ ਯੂਨੀਅਨ) ਐਕਸ਼ਨ ਕਮੇਟੀ ਪੰਜਾਬ ਵੱਲੋਂ ਆਪਣੀਆਂ ਸੀਨੀਆਰਤਾ ਸੂਚੀ ਤਹਿਤ ਲੈਕਚਰਾਰਾਂ ਦੀਆਂ ਤਰੱਕੀਆਂ ਕਰਨ, ਲੈਕਚਰਾਰਾਂ ਦੀ ਸਿੱਧੀ ਭਰਤੀ ਕਰਕੇ ਗਲਤ ਤਰੀਕੇ 20-25 ਸਾਲਾਂ ਤੋਂ ਸੀਨੀਅਰ ਅਨੁਸੂਚਿਤ ਜਾਤੀ ਲੈਕਚਰਾਰਾਂ ਤੋਂ ਅੱਗੇ ਲਾਉਣ ਕਾਰਨ ਹੋਏ ਧੱਕੇ ਵਿਰੁੱਧ ਯੂਨੀਅਨ ਆਗੂਆਂ ਨੇ ਸਤਾਨਿਕ ਡੀ.ਸੀ. ਦਫਤਰ ਅੱਗੇ ਧਰਨਾ ਦੇ ਕੇ ਇੱਕ ਮੰਗ ਪੱਤਰ ਸਿੱਖਿਆ ਅਫਸਰ ਸੈਕੰਡਰੀ ਰਾਹੀਂ ਮੁੱਖ ਮੰਤਰੀ ਪੰਜਾਬ ਸ੍ਰ. ਬਾਦਲ ਨੂੰ ਭੇਜਿਆ ਹੈ। ਇਸ ਵਿੱਚ ਜਥੇਬੰਦੀ ਦੇ 5 ਸੂਬਾਈ ਪ੍ਰਧਾਨਾਂ ਵਾਲੀ ਕਮੇਟੀ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਵਿਭਾਗ ਨੇ 28 ਫਰਵਰੀ ਤੱਕ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਕਪੂਰਥਲਾ ਵਿਖੇ ਸੂਬਾ ਪੱਧਰੀ ਰੋਸ ਮੁਜ਼ਾਹਰਾ ਕੀਤਾ ਜਾਵੇਗਾ ਤੇ ਸੰਘਰਸ਼ ਨੂੰ ਤੇਜ਼ ਕਰਕੇ ਸਾਥੀਆਂ ਵੱਲੋਂ ਮਰਨ ਵਰਤ ਦੇ ਨਾਲ ਆਤਮਦਾਹ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ। ਇਸ ਸਮੇਂ ਕੰਵਲਜੀਤ ਸਿੰਘ ਰਟੌਲ, ਮਲਾਗਰ ਸਿੰਘ, ਜਸਵੀਰ ਸਿੰਘ ਪਾਲ, ਸਵਰਨ ਸਿੰਘ ਕਲਿਆਣ ਅਤੇ ਗੁਰਮੇਲ ਸਿੰਘ ਚੰਦੜ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਹੋਲਿਕਾ ਦਹਿਨ ਉਤਸਵ 28 ਨੂੰ

ਗਿੱਦੜਬਾਹਾ, 24 ਫਰਵਰੀ (ਰਾਜੀਵ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੋਲਿਕਾ ਦਹਿਨ ਉਤਸਵ 28 ਫਰਵਰੀ ਦਿਨ ਐਤਵਾਰ ਨੂੰ ਪੁਰਾਣੀ ਸਬਜ਼ੀ ਮੰਡੀ ਵਿੱਚ ਮਨਾਇਆ ਜਾ ਰਿਹਾ ਹੈ। ਸਮਾਜ ਸੇਵੀ ਘਣਸ਼ਾਮ ਦਾਸ ਗੁਪਤਾ ਨੇ ਦੱਸਿਆ ਕਿ ਉਤਸਵ ਵਿੱਚ ਸ਼ਹਿਰ ਦੇ ਸਭ ਵਰਗਾਂ ਦੇ ਲੋਕ ਹਿੱਸਾ ਲੈਂਦੇ ਹਨ। ਹੋਲੀ ਦੇ ਦਿਨ ਪੂਜਨ ਕੀਤਾ ਜਾਂਦਾ ਹੈ। ਸ੍ਰੀ ਗੁਪਤਾ ਨੇ ਦੱਸਿਆ ਕਿ ਹੋਲਿਕਾ ਪੂਜਨ ਸਵੇਰੇ 10 ਵਜੇ ਹੋਵੇਗਾ ਤੇ ਦਹਿਨ ਰਾਤੀਂ 9-15 ਵਜੇ ਹੋਵੇਗਾ। ਇਸ ਮੇਲੇ ਨੂੰ ਦੇਖਣ ਲਈ ਹਜ਼ਾਰਾਂ ਲੋਕ ਆਉਂਦੇ ਹਨ।

ਅਕਾਲੀ-ਭਾਜਪਾ ਸਰਕਾਰ ਹਰ ਫਰੰਟ 'ਤੇ ਫੇਲ੍ਹ-ਰਵਨੀਤ ਬਿੱਟੂ

ਗਿੱਦੜਬਾਹਾ, 24 ਫਰਵਰੀ (ਅੰਮ੍ਰਿਤ ਗੋਇਲ)-ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ੍ਰ. ਰਵਨੀਤ ਸਿੰਘ ਬਿੱਟੂ ਮੈਂਬਰ ਪਾਰਲੀਮੈਂਟ ਹਲਕਾ ਆਨੰਦਪੁਰ ਸਾਹਿਬ, ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਰਾਹੁਲ ਗਾਂਧੀ ਵੱਲੋਂ ਪੂਰੇ ਭਾਰਤ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਆਮ ਆਦਮੀ ਤੱਕ 'ਆਮ ਆਦਮੀ ਕਾ ਸਿਪਾਹੀ' ਦਾ ਆਗਾਜ਼ ਕਰਨ ਲਈ ਹਲਕਾ ਗਿੱਦੜਬਾਹਾ ਵਿੱਚ ਆਏ। ਇਸ ਮੁਹਿੰਮ ਤਹਿਤ ਉਨ੍ਹਾਂ ਗਿੱਦੜਬਾਹਾ ਹਲਕੇ ਦੇ ਪਿੰਡਾਂ ਵਿੱਚੋਂ ਯੂਥ ਕਾਂਗਰਸ ਦੇ ਪੰਜ-ਪੰਜ ਨੌਜਵਾਨਾਂ ਨੂੰ ਇਸ ਮੁਹਿੰਮ ਲਈ ਚੁਣਿਆ। ਪਿੰਡ ਭਲਾਈਆਣਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਇਕੱਠੇ ਹੋਏ ਪਿੰਡਾਂਦੇ ਲੋਕਾਂ ਦੇ ਵੱਡੇ ਇਕੱਠ ਅਤੇ ਯੂਥ ਕਾਂਗਰਸ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਹਰ ਪਿੰਡ ਦੇ ਪੰਜ ਨੌਜਵਾਨ ਚੁਣੇ ਜਾਣਗੇ, ਜੋ 'ਆਮ ਆਦਮੀ ਕਾ ਸਿਪਾਹੀ' ਮੁਹਿੰਮ ਤਹਿਤ ਖਾਸ ਕਰ ਗਰੀਬ ਲੋਕਾਂ ਨੂੰ ਸਰਕਾਰੀ ਸਕੀਮਾਂ ਜਿਵੇਂ ਬੁਢੇਪਾ, ਵਿਧਵਾ, ਅੰਗਹੀਣ ਪੈਨਸ਼ਨਾਂ ਸ਼ਗਨ ਸਕੀਮ, ਨਰੇਗਾ ਰਾਸ਼ਨ ਕਾਰਡ ਵਗੈਰਾ ਬਣਾਉਣ ਵਿੱਚ ਆ ਰਹੀ ਮੁਸ਼ਕਿਲ ਨੂੰ ਹੱਲ ਕਰਵਾਉਣ ਵਿੱਚ ਸਹਾਈ ਹੋਇਆ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਪਿੰਡ ਬਾਦਲ ਤੋਂ ਸ਼ੁਰੂ ਕੀਤੀ ਇਸ ਮੁਹਿੰਮ ਨੂੰ ਮਾਰਚ ਮਹੀਨੇ ਦੇ ਅਖੀਰ ਤੱਕ ਮੁਕੰਮਲ ਕਰ ਲਿਆ ਜਾਵੇਗਾ। ਮੈਂਬਰ ਪਾਰਲੀਮੈਂਟ ਨੇ ਅੱਗੇ ਦੱਸਿਆ ਕਿ ਪੰਜਾਬ ਦੇ 12405 ਪਿੰਡਾਂ ਵਿੱਚ ਕਰੀਬ 70 ਹਜ਼ਾਰ ਨੌਜਵਾਨ ਉਪਰੋਕਤ ਮੁਹਿੰਮ ਨੂੰ ਜ਼ਰੂਰਤਮੰਦ ਲੋਕਾਂ ਦੇ ਘਰ-ਘਰ ਪਹੁੰਚਾਉਣਗੇ। ਇਸ ਤਰ੍ਹਾਂ ਪੰਜਾਬ ਦੇ ਸ਼ਹਿਰਾਂ ਵਿੱਚ ਵੀ 70 ਹਜ਼ਾਰ ਦੇ ਲੱਗਭੱਗ ਨੌਜਵਾਨ ਗਰੀਬ ਪਰਿਵਾਰਾਂ ਨੂੰ ਕੇਂਦਰ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਰੈਗੂਲਰ ਦਿੰਦੇ ਰਹਿਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਹਮਦਰਦ ਕਹਾਉਣ ਵਾਲੀ ਅਕਾਲੀ ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਵਿਕਾਸ ਵਾਸਤੇ ਭੇਜੇ ਗਏ 10 ਹਜ਼ਾਰ ਕਰੋੜ ਰੁਪਏ ਜਿਸ ਵਿੱਚ 4 ਹਜ਼ਾਰ ਕਰੋੜ ਰੁਪਏ ਪੰਜਾਬ ਸਰਕਾਰ ਨੇ ਪਾਉਣੇ ਸਨ, ਵਾਪਸ ਕਰ ਦਿੱਤੇ ਤਾਂ ਕਿ ਜੇਕਰ ਇਹ ਪੈਸਾ ਪੰਜਾਬ ਦੇ ਵਿਕਾਸ 'ਤੇ ਲੱਗੇਗਾ ਤਾਂ ਇਸ ਵਿੱਚ ਕੇਂਦਰ ਸਰਕਾਰ ਦਾ ਨਾਂਅ ਹੀ ਹੋਵੇਗਾ।

ਨਵਵਿਆਹੀ ਜੋੜੀ ਨੂੰ ਆਸ਼ੀਰਵਾਦ ਦੇਣ ਲਈ ਵੱਖ ਵੱਖ ਆਗੂ ਪੁੱਜੇ

ਕੁਹਾੜਾ 24 ਫ਼ਰਵਰੀ (ਗੁਰਨਾਮ) ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਲੁਧਿਆਣਾ ਦਿਹਾਤੀ ਸ: ਮਲਕੀਤ ਸਿੰਘ ਗਿੱਲ ਪਿੰਡ ਜੰਡਿਆਲੀ ਦੇ ਸਪੁੱਤਰ ਕਾਕਾ ਗਗਨਦੀਪ ਸਿੰਘ ਗਿੱਲ ਦੇ ਸ਼ੁਭ ਵਿਆਹ ਸ਼ਮੇ ਵੱਖ ਵੱਖ ਸਿਆਸੀ ਪਾਰਟੀ ਦੇ ਆਗੂ ਇਸ ਸਮਾਗਮ ਵਿੱਚ ਨਵ ਵਿਆਹੀ ਜੋੜੀ ਨੂੰ ਆਸੀਰਵਾਦ ਦੇਣ ਵਾਲਿਆਂ 'ਚ ਸ: ਸ਼ਰਨਜੀਤ ਸਿੰਘ ਢਿੱਲੋ ਚੇਅਰਮੈਨ ਪੰਜਾਬ ਐਗਰੋ ਇੰਡਸਟਰੀਜ, ਅਵਤਾਰ ਸਿੰਘ ਮੇਹਲੋਂ, ਜਗਦੀਸ਼ ਸਿੰਘ ਗਰਚਾ ਸਾਬਕਾ ਮੰਤਰੀ, ਅਮਰੀਕ ਸਿੰਘ ਆਲੀਵਾਲ ਸਾਬਕਾ ਸੰਸਦ ਮੈਂਬਰ, ਸੰਤਾ ਸਿੰਘ ਉਮੈਦਪੁਰੀ ਚੇਅਰਮੈਨ, ਬਾਬਾ ਜਗਰੂਪ ਸਿੰਘ ਚੇਅਰਮੈਨ, ਮਨਪ੍ਰੀਤ ਸਿੰਘ ਇਯਾਲੀ ਚੇਅਰਮੈਨ ਜਿਲ੍ਹਾ ਪ੍ਰੀਸ਼ਦ, ਦਰਸ਼ਨ ਸਿੰਘ ਸਿਵਾਲਿਕ ਵਿਧਾਇਕ ਦਾਖਾਂ, ਸ਼ਰਨਜੀਤ ਸਿੰਘ ਗਰਚਾ, ਭਾਗ ਸਿੰਘ ਮਨਗੜ੍ਹ, ਕੁਲਦੀਪ ਸਿੰਘ ਜਾਤੀਵਾਲ ਤਿੰਨੇ ਮੈਂਬਰ ਜਿਲ੍ਹਾ ਪ੍ਰੀਸ਼ਦ, ਹਾਕਮ ਸਿੰਘ ਗਿਆਸ਼ਪੁਰਾ ਮੇਅਰ, ਪਾਲ ਸਿੰਘ ਕੌਂਸਲਰ, ਮਾਨ ਸਿੰਘ ਗਰਚਾ ਤੋ ਇਲਾਵਾ ਸ਼੍ਰੀ ਮੁਨੀਸ ਤਿਵਾੜੀ ਮੈਂਬਰ ਪਾਰਲੀਮੈਟ, ਗੁਰਦੀਪ ਸਿੰਘ ਭੈਣੀ ਵਿਧਾਇਕ ਜਗਰਾਉਂ ਤੇ ਪਵਨਦੀਵਾਨ ਸ਼ਾਮਿਲ ਹੋਏ

ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ-ਮਾਨ

ਅਹਿਮਦਗੜ੍ਹ, 24 ਫਰਵਰੀ (ਦੇਸ ਰਾਜ ਸ਼ਰਮਾ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਅੱਜ ਵਾਰਡ ਨੰ. 1 ਵਿਖੇ ਸ੍ਰ. ਹਰਵਿੰਦਰ ਸਿੰਘ ਖਾਲਸਾ ਦੇ ਘਰ ਵਿਖੇ ਉਨ੍ਹਾਂ ਦੀ ਪਤਨੀ ਦੀ ਮੌਤ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣੇ ਕਰ ਗਏ ਸਨ ਦੁੱਖ ਸਾਂਝਾ ਕਰਨ ਆਏ। ਇਸ ਮੌਕੇ 'ਤੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੋਹ ਭਰੇ ਲਫਜ਼ਾਂ ਨਾਲ ਪਾਕਿਸਤਾਨ ਵਿਖੇ ਸਿੱਖਾਂ ਦੇ ਕਤਲੇਆਮ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜਦੋਂ ਸਿੱਖ ਆਪਣੇ ਹੀ ਦੇਸ਼ ਵਿੱਚ ਸੁਰੱਖਿਅਤ ਨਹੀਂ ਤਾਂ ਬਾਹਰਲੇ ਮੁਲਕਾਂ ਵਿੱਚ ਕਿਵੇਂ ਠੀਕ ਠਾਕ ਰਹਿ ਸਕਦੇ ਹਨ। ਸ੍ਰ. ਮਾਨ ਨੇ ਕਿਹਾ ਕਿ ਸਿੱਖ ਕੌਮ ਦੀ ਅਗਵਾਈ ਕਰਦੀ ਆ ਰਹੀ ਅਖੌਤੀ ਲੀਡਰਸ਼ਿਪ ਹੀ ਸਭ ਤੋਂ ਵੱਧ ਦੋਸ਼ੀ ਹੈ। ਇਹ ਜੁੰਡਲੀ, ਕਾਂਗਰਸ, ਭਾਜਪਾ ਵਰਗੀਆਂ ਹੋਰ ਸਿੱਖ ਵਿਰੋਧੀ ਪਾਰਟੀਆਂ 'ਚ ਬੈਠ ਕੇ ਸਿੱਖ ਮਸਲਿਆਂ ਦੀ ਸਿਰਫ ਗੱਲ ਕਰਦੇ ਹਨ, ਪਰ ਕੋਈ ਠੋਸ ਕਾਰਵਾਈ ਕਰਵਾਉਣ ਲਈ ਕੁਝ ਨਹੀਂ ਕਰਦੇ। ਸਿੱਖਾਂ ਦੀ ਕਾਲੀ ਸੂਚੀ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦੁਨੀਆ ਦੇ ਇਤਿਹਾਸ ਵਿੱਚ ਅਜਿਹੀ ਕੋਈ ਵੀ ਉਦਾਹਰਣ ਨਹੀਂ ਮਿਲਦੀ ਕਿ ਬਿਨੇ ਦੋਸ਼ ਹੀ ਸ਼ੱਕ ਦੀ ਅਧਾਰ ਤੇ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਬਣਾ ਕੇ ਆਪਣੀ ਜਨਮ ਭੂਮੀ ਤੇ ਆਪਣੇ ਦੇਸ਼ ਤੋਂ ਵੱਖ ਕਰ ਦਿੱਤਾ ਜਾਵੇ।

ਸਿੱਖ ਫਿਰਕੇ ਦੇ ਲੋਕਾਂ ਦੀ ਰਾਖੀ ਕਰੇ ਪਾਕਿਸਤਾਨ ਸਰਕਾਰ-ਮੱਤੇਵਾਲ

ਘੁਮਾਣ, 24 ਫਰਵਰੀ (ਰਵਿੰਦਰਜੀਤ ਕੌਰ ਬਾਵਾ)-ਪਾਕਿਸਤਾਨ ਵਿੱਚ ਤਾਲਿਬਾਨਾਂ ਵੱਲੋਂ ਜੋ ਦੋ ਸਿੱਖ ਭਰਾਵਾਂ ਨੂੰ ਸ਼ਹੀਦ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਗੁਰਦੁਆਰੇ ਵਿੱਚ ਸੁੱਟੀਆਂ ਹਨ, ਬਹੁਤ ਹੀ ਨਿੰਦਣਯੋਗ ਹਨ। ਇਹ ਪ੍ਰਗਟਾਵਾ ਭੂਲੇ ਭਾਰਤੀ ਲੋਕ ਪਾਰਟੀ ਦੇ ਕੌਮੀ ਪ੍ਰਧਾਨ ਸ੍ਰ. ਮਨਜੀਤ ਸਿੰਘ ਮੱਤੇਵਾਲ ਨੇ ਇੱਥੇ ਪ੍ਰੈੱਸ ਦੇ ਨਾਂਅ ਜਾਰੀ ਬਿਆਨ ਵਿੱਚ ਕੀਤਾ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ ਨੂੰ ਵੀ ਜ਼ੋਰ ਦੇ ਕੇ ਕਿਹਾ ਕਿ ਉਹ ਭਾਰਤ ਸਰਕਾਰ ਨੂੰ ਕਹਿਣ ਕਿ ਪਾਕਿਸਤਾਨ ਵਿਚਲੇ ਘੱਟ ਗਿਣਤੀ ਸਿੱਖ ਫਿਰਕੇ ਦੇ ਲੋਕਾਂ ਦੀ ਜਾਮ ਮਾਲ ਦੀ ਰਾਖੀ ਕਰੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਪਾਕਿਸਤਾਨੀ ਸਿੱਖਾਂ ਨੂੰ ਭਾਰਤ ਵਿੱਚ ਵੱਸਣ ਦੀ ਆਗਿਆ ਦੇਵੇ। ਇਸ ਮੌਕੇ ਉਨ੍ਹਾਂ ਨਾਲ ਪਾਰਟੀ ਦੇ ਕੌਮੀ ਜਨਰਲ ਸਕੱਤਰ ਡਾ. ਮੋਹਨ ਸਿੰਘ ਮੌਰਾਂਵਾਲੀ, ਭੁਪਿੰਦਰ ਸਿੰਘ ਬਾਬਾ ਬਕਾਲਾ, ਅਰਵਿੰਦਰ ਸਿੰਘ ਬਾਵਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਦਕੋਹਾ, ਬਟਾਲਾ ਤਹਿਸੀਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ, ਮਿਸਤਰੀ ਸੁਖਵੰਤ ਸਿੰਘ, ਸ਼ਿਵਦੇਵ ਸਿੰਘ ਨਵਾਂ ਪਿੰਡ, ਪਲਵਿੰਦਰ ਸਿੰਘ ਨੰਗਲ ਆਦਿ ਵੀ ਹਾਜ਼ਰ ਸਨ।

ਉਦਯੋਗ ਨੀਤੀ ਪਾਰਦਰਸ਼ੀ ਬਣੇਗੀ-ਕਾਲੀਆ

ਚੰਡੀਗੜ੍ਹ, 24 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਮਨੋਰੰਜਨ ਕਾਲੀਆ ਸਥਾਨਿਕ ਸਰਕਾਰ ਉਦਯੋਗਾਂ ਅਤੇ ਕਮਰਸ ਮੰਤਰੀ ਨੇ ਉਦਯੋਗ ਵਿਭਾਗ ਵੱਲੋਂ ਸਥਾਪਿਤ ਕੀਤੀ ਗਈ ਸਿੰਗਲ ਵਿੰਡੋ ਇੰਡਸਟਰੀਅਲ ਕਲੀਅਰੈਂਸ ਪੋਰਟਲ ਕੰਪੋਜਿਟ ਐਪਲੀਕੇਸ਼ਨ ਫਾਰਮ ਅਤੇ 24 ਘੰਟੇ ਹੈੱਲਫ ਲਾਈਨ ਸੇਵਾ ਦਾ ਤਾਜ ਹੋਟਲ, ਚੰਡੀਗੜ੍ਹ ਵਿਖੇ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਕੋਸ਼ਿਸ਼ ਕਰ ਰਹੀ ਹੈ ਕਿ ਉਦਯੋਗ ਸਥਾਪਿਤ ਕਰਨ ਲਈ ਲੋੜੀਂਦੀਆਂ ਮਨਜ਼ੂਰੀਆਂ ਦੀ ਵਿਧੀ ਨੂੰ ਹੋਰ ਅਸਾਨ ਅਤੇ ਪਾਰਦਰਸ਼ੀ ਬਣਾਇਆ ਜਾਵੇ। ਸਰਕਾਰ ਵੱਲੋਂ ਫਰਵਰੀ 2007 ਵਿੱਚ ਕਾਰਜ ਭਾਰ ਸੰਭਾਲਣ ਉਪਰੰਤ ਇਸ ਵਿਧੀ ਨੂੰ ਅਸਾਨ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਗਏ ਹਨ।

ਬੋਰਡ ਦੀ ਟੀਮ ਨੇ ਆਲ ਇੰਡੀਆ ਰਾਜੀਵ ਗਾਂਧੀ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਜਿੱਤਿਆ

ਹੁਸ਼ਿਆਰਪੁਰ, 24 ਫਰਵਰੀ (ਅ.ਬ.)- ਬੋਰਡ ਦੀ ਫੁੱਟਬਾਲ ਟੀਮ ਨੇ ਆਲ ਇੰਡੀਆ ਰਾਜੀਵ ਗਾਂਧੀ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਜਿੱਤਿਆ। ਇਹ ਟੂਰਨਾਮੈਂਟ ਨਾਗਪੁਰ ਵਿਖੇ ਹੋਇਆ ਅਤੇ ਇਸ ਵਿਚ ਦੇਸ਼ ਦੀਆਂ 20 ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਦੌਰਾਨ ਟੀਮ ਨੇ ਰਵਾਨੀ ਫੁੱਟਬਾਲ ਕਲੱਬ ਕਮੇਟੀ (ਮੱਧ ਪ੍ਰਦੇਸ਼) ਨੂੰ ਹਰਾਇਆ। ਬੋਰਡ ਦੇ ਖਿਡਾਰੀ ਅਮ੍ਰਿਤਪਾਲ ਸਿੰਘ ਨੂੰ ਬੈਸਟ ਡੀਫੈਂਡਰ (ਸਰਵਉਤਮ ਡੀਫੈਂਡਰ) ਐਲਾਨਿਆ ਗਿਆ ਅਤੇ ਖਿਡਾਰੀ ਗੁਰਪ੍ਰੀਤ ਸਿੰਘ ਨੂੰ ਬੈਸਟ ਸਕੋਰਰ (ਸਰਵਉਤਮ ਸਕੋਰਰ) ਐਲਾਨਿਆ ਗਿਆ। ਇਹਨਾਂ ਖਿਡਾਰੀਆਂ ਨੂੰ ਕਮੇਟੀ ਵੱਲੋਂ ਕ੍ਰਮਵਾਰ 10,000/- ਕੈਸ਼ ਐਵਾਰਡ ਅਤੇ ਪਲਸਰ ਮੋਟਰ ਸਾਈਕਲ ਨਾਲ ਸਨਮਾਨਿਤ ਕੀਤਾ ਗਿਆ। ਟੀਮ ਨੂੰ 51,000/- ਰੁ: ਨਗਦ ਪੁਰਸਕਾਰ ਦਿੱਤਾ ਗਿਆ। ਟੀਮ ਦੀ ਇਸ ਪ੍ਰਾਪਤੀ ਦੇ ਬੋਰਡ ਦੇ ਚੇਅਰਮੈਨ ਇੰਜ: ਐਚ.ਐਸ. ਬਰਾੜ, ਮੈਂਬਰ/ਡੀ ਇੰਜ: ਕੇ.ਡੀ. ਚੌਧਰੀ, ਪ੍ਰਬੰਧਕੀ ਮੈਂਬਰ ਸ: ਗੁਰਚਰਨ ਸਿੰਘ ਬੱਚੀ, ਕਨਵੀਨਰ ਫੁੱਟਬਾਲ ਟੀਮ ਇੰਜ: ਵਿਨੋਦ ਕੁਮਾਰ ਸ਼ਰਮਾ, ਮੁੱਖ ਇੰਜੀਨੀ/ਸੰਚਾਲਣ (ਉੱਤਰ) ਜਲੰਧਰ, ਕੋ ਕਨਵੀਨਰ ਇੰਜ: ਜਗਮੋਹਣ ਸਿੰਘ, ਨਿਗਰਾਨ ਇੰਜੀਨੀਅਰ/ਸੰਚਾਲਣ ਹਲਕਾ, ਹੁਸ਼ਿਆਰਪੁਰ ਅਤੇ ਇੰਜ: ਅਜੀਤ ਸਿੰਘ, ਵਧੀਕ ਨਿਗਰਾਨ ਇੰਜੀਨੀਅਰ/ਸੰਚਾਲਨ ਸ਼ਹਿਰੀ ਮੰਡਲ, ਹੁਸ਼ਿਆਰਪੁਰ ਵੱਲੋਂ ਫੁੱਟਬਾਲ ਟੀਮ ਦੇ ਕੋਚ ਧੰਨਵੰਦ ਕੁਮਾਰ ਅਤੇ ਸਪੋਰਟਸ ਅਫ਼ਸਰ ਸ੍ਰੀ ਨਰਿੰਦਰ ਸਿੰਘ ਨੂੰ ਵਧਾਈਆਂ ਅਤੇ ਸ਼ਾਬਾਸ਼ ਦਿੱਤੀ।

ਖੇਡਾਂ ਧੂਰੀ ਦੀਆਂ 25 ਤੋਂ

ਧੂਰੀ, 24 ਫਰਵਰੀ (ਪੱਤਰ ਪ੍ਰੇਰਕ)-ਸ਼ਹੀਦ ਬਾਬਾ ਦੀਪ ਸਿੰਘ ਯੂਥ ਵੈੱਲਫੇਅਰ ਐਂਡ ਸਪੋਰਟਸ ਕਲੱਬ ਧੂਰੀ ਵੱਲੋਂ ਦੂਸਰਾ ਕਬੱਡੀ ਕੱਪ 25 ਤੇ 26 ਫਰਵਰੀ 2010 ਨੂੰ ਨਵੀਂ ਅਨਾਜ ਮੰਡੀ ਧੂਰੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਖੇਡਾਂ ਦੀ ਪ੍ਰਧਾਨਗੀ ਸ੍ਰੀ ਜਤਿੰਦਰ ਮੰਡੇਰ ਉਰਫ ਸੋਨੀ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਕਰਨਗੇ। 25 ਫਰਵਰੀ ਨੂੰ ਖੇਡਾਂ ਦਾ ਉਦਘਾਟਨ ਸ੍ਰੀ ਸ਼ਰਨਜੀਤ ਸਿੰਘ ਡੀ.ਐੱਸ.ਪੀ. ਧੂਰੀ ਤੇ 26 ਫਰਵਰੀ ਨੂੰ ਸ੍ਰ. ਸੁਰਿੰਦਰ ਸਿੰਘ ਧੂਰੀ ਕਰਨਗੇ। ਇਨਾਮਾਂ ਦੀ ਵੰਡ ਸ੍ਰੀ ਰਾਜੇਸ਼ ਤ੍ਰਿਪਾਠੀ ਐੱਸ.ਡੀ.ਐੱਮ. ਧੂਰੀ ਕਰਨਗੇ। ਗੁਰੀਮਾਨ ਚੇਅਰਮੈਨ, ਤੇ ਬੇਘਲ ਸਿੰਘ ਨੇ ਇਹ ਜਾਣਕਾਰੀ ਪ੍ਰੈੱਸ ਨੂੰ ਦਿੱਤੀ।

ਕਟਾਣੀ ਕਲਾਂ ਅੰਤਰਰਾਸ਼ਟਰੀ ਕਬੱਡੀ ਕੱਪ ਟੋਨੀ ਅਲੰਕਾਰ ਮਾਂਗਟ ਕਲੱਬ ਨੇ ਜਿੱਤਿਆ

ਅੰਤਰਰਾਸ਼ਟਰੀ ਕਬੱਡੀ ਖਿਡਾਰੀ ਪੱਪੀ ਖਹਿਰਾ ਨੂੰ ਮੋਟਰ ਸਾਇਕਲ ਨਾਲ ਸਨਮਾਨਤ

ਕੁਹਾੜਾ, 24 ਫ਼ਰਵਰੀ (ਗੁਰਨਾਮ) ਕਟਾਣੀ ਕਲਾਂ ਵਿਖੇ ਸ: ਬਹਾਦਰ ਸ: ਕਰਤਾਰ ਸਿੰਘ ਕਟਾਣੀ ਯਾਦਗਾਰੀ ਕਬੱਡੀ ਕੱਪ ਸਾਨੋ ਸੌਕਤ ਨਾਲ ਅਮਿਟ ਯਾਦਾਂ ਛੱਡਦਾ ਸਮਾਪਤ ਹੋਇਆ। ਆਖਰੀ ਦਿਨ ਭਾਰੀ ਗਿਣਤੀ ਵਿੱਚ ਕਬੱਡੀ ਟੀਮਾਂ ਨੇਂ ਸ਼ਾਮਲ ਹੋ ਕੇ ਖੇਡ ਮੈਦਾਨ ਵਿੱਚ ਆਪਣੇ ਜੌਹਰ ਵਿਖਾਏ। ਇਸ ਖੇਡ ਮੇਲੇ ਵਿੱਚ ਵੱਖ ਵੱਖ ਆਗੂਆਂ ਨੇ ਖਿਡਾਰੀਆਂ ਆਸਰੀਵਾਦ ਦੇਣ ਲਈ ਪੁਜੇ। ਪੁੱਜਣ ਵਾਲਿਆਂ ਆਗੂਆਂ ਵਿਚ ਸ: ਸ਼ਰਨਜੀਤ ਸਿੰਘ ਢਿੱਲੋ ਚੇਅਰਮੈਨ ਪੰਜਾਬ ਐਗਰੋ ਇੰਡਸਟਰੀਜ, ਸ: ਸੰਤਾ ਸਿੰਘ ਉਮੈਦਪੁਰੀ ਚੇਅਰਮੈਨ ਅਧੀਨ ਸੇਵਾਂਵਾਂ, ਦੀਦਾਰ ਸਿੰਘ ਭੱਟੀ ਵਿਧਾਇਕ ਸਰਹੰਦ, ਈਸ਼ਰ ਸਿੰਘ ਮੇਹਰਬਾਨ ਵਿਧਾਇਕ ਕੂੰਮਕਲਾਂ, ਹਰਮਿੰਦਰ ਸਿੰਘ ਵਿਧਾਇਕ ਰਾਏਕੋਟ, ਅਮਰਜੀਤ ਸਿੰਘ ਟਿੱਕਾ, ਸਤਪਾਲ ਜੋਸ਼ੀਲਾ ਚੇਅਰਮੈਨ ਬਲਾਕ ਸ਼ੰਮਤੀ, ਬਾਬਾ ਜਗਰੂਪ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ, ਗੁਰਮੇਲ ਸਿੰਘ ਪਹਿਲਵਾਨ, ਹਰਿੰਦਰ ਸਿੰਘ ਲੱਖੋਵਾਲ, ਅਵਤਾਰ ਸਿੰਘ ਮੇਹਲੋਂ, ਦਿਲਬਾਗ ਸਿੰਘ ਛੰਦੜਾਂ, ਬਲਵਿੰਦਰ ਸਿੰਘ ਭਮਾਂ ਕਲਾਂ, ਮਲਕੀਤ ਸਿੰਘ ਗਿੱਲ, ਪ੍ਰਸਿੱਧ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡੂ, ਕੋਚ ਦੇਵੀ ਦਿਆਲ, ਡ: ਗੁਰਮੇਲ ਸਿੰਘ ਕੂੰਨਰ, ਸਤਵਿੰਦਰ ਸਿੰਘ ਕੂੰਨਰ, ਪਰਮਜੀਤ ਸਿੰਘ ਮਾਂਗਟ, ਸ਼ਰਨਜੀਤ ਸਿੰਘ ਗਰਚਾ, ਭਾਗ ਸਿੰਘ ਮਾਨਗੜ੍ਹ, ਦੋਵੇਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਦੇ ਨਾਮ ਵਰਣਨ ਯੋਗ ਹਨ। ਖੇਡ ਮੇਲੇ ਦੌਰਾਨ ਅਜਮੇਰ ਸਿੰਘ ਯੂ.ਐਸ.ਏ. ਵੱਲੋ ਕਬੱਡੀ ਖਿਡਾਰੀ ਖਹਿਰਾ ਨੂੰ ਬੁਲੇਟ ਮੋਟਰ ਸਾਇਕਲ ਭੇਟ ਕਰਕੇ ਸਨਮਾਨਤ ਕੀਤਾ ਗਿਆ, ਜਦੋ ਕਿ ਪ੍ਰਬੰਧਕਾਂ ਨੇ, ਕਬੱਡੀ ਖਿਡਾਰੀ ਗੁਰਪ੍ਰੀਤ ਸਿੰਘ, ਰਣਜੀਤ ਸਿੰਘ ਮਾਂਗਟ ਤੇ ਹੈਮਰ ਥ੍ਰੋ ਖਿਡਾਰਨ ਨਵਜੋਤ ਕੌਰ ਨੂੰ ਵਿਸ਼ੇਸ ਤੌਰ ਤੇ ਸਨਮਾਨਤ ਕੀਤਾ। ਕਬੱਡੀ ਕੱਪ ਮੁਕਾਬਲਿਆਂ ਵਿੱਚੋ ਟੋਨੀ ਅਲੰਕਾਰ, ਮਾਂਗਟ ਕਲੱਬ ਕੁੱਬੇ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਇੱਕ ਲੱਖ ਰੁਪਏ ਅਤੇ ਬਾਬਾ ਫਰੀਦ ਕਲੱਬ ਫਰੀਦਕੋਟ ਨੇ ਦੂਜਾ ਸਥਾਨ ਪ੍ਰਾਪਤ ਕਰਕੇ 75 ਹਜਾਰ ਰੁਪਏ ਦੇ ਨਕਦ ਇਨਾਮ ਪ੍ਰਾਪਤ ਕੀਤੇ, ਇੱਕ ਪਿੰਡ ਓਪਨ ਕਲੱਬ ਵਿੱਚੋ ਕਨੇਚ ਦੀ ਟੀਮ ਨੇ ਪਹਿਲਾ ਅਤੇ ਖਹਿਰਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜਦੋਂ ਕਿ ਲੜਕੀਆਂ ਦੀ ਕਬੱਡੀ ਵਿੱਚੋ ਨਵਾਂ ਸ਼ਹਿਰ ਦੀ ਟੀਮ ਪਹਿਲੇ ਅਤੇ ਜਲੰਧਰ ਦੀ ਟੀਮ ਦੂਜੇ ਸਥਾਨ ਤੇ ਰਹੀ। ਗਾਇਕ ਜੋੜੀ ਬਰਾੜ ਤੇ ਰਿੰਪੀ ਅਹੂਜਾ ਨੇ ਗਾਇਕੀ ਦੁਆਰਾ ਲੋਕਾਂ ਦਾ ਮੰਨੋਰੰਜਨ ਕੀਤਾ। ਆਏ ਮਹਿਮਾਨਾਂ ਦਾ ਕਮੇਟੀ ਦੇ ਸਰਪ੍ਰਸਤ ਡਾ: ਸੁਖਵਿੰਦਰ ਸਿੰਘ ਮਾਂਗਟ, ਅਜਮੇਰ ਸਿੰਘ ਯੂ.ਐਸ.ਏ, ਚੇਅਰਮੈਨ ਅਵਤਾਰ ਸਿੰਘ ਮਾਂਗਟ, ਪ੍ਰਧਾਨ ਸੁਖਦੇਵ ਸਿੰਘ ਮਾਂਗਟ ਅਤੇ ਗੁਰਪ੍ਰੀਤ ਸਿੰਘ ਮਾਂਗਟ, ਸਰਪੰਚ ਮਹਿੰਦਰਪ੍ਰਤਾਪ ਸਿੰਘ, ਕਰਨੈਲ ਸਿੰਘ ਨੇ ਸਨਮਾਨ ਕੀਤਾ। ਖੇਡ ਮੇਲੇ ਨੂੰ ਸਫਲ ਕਰਨ ਲਈ ਜਤਿੰਦਰ ਸਿੰਘ ਸੋਨੀ, ਗੁਰਪ੍ਰੀਤ ਸਿੰਘ, ਜੇ.ਪੀ. ਸਿੰਘ ਮਾਂਗਟ, ਸੁਖਜਿੰਦਰ ਸਿੰਘ, ਪ੍ਰਦੀਪ ਸਿੰਘ ਮਾਂਗਟ, ਰਾਜ ਭੁਪਿੰਦਰ ਸਿੰਘ, ਰਵਿੰਦਰ ਜੋਰਾਵਾਰ ਸਿੰਘ, ਹਰਵਿੰਦਰ ਸਿੰਘ ਸੋਨੂੰ, ਹਰਮੀਤ ਸਿੰਘ, ਭੁਪਿੰਦਰ ਸਿੰਘ ਟਿਵਾਣਾ, ਹਰਵਿੰਦਰ ਸਿੰਘ, ਅਮਨ ਕਟਾਣੀ, ਸ਼ੋਭਨੀਤ ਸਿੰਘ ਮਾਂਗਟ, ਗੁਰਪ੍ਰੀਤ ਸਿੰਘ ਸਰਗਰਮ ਰਹੇ।

ਅੰਤਰਰਾਸ਼ਟਰੀ ਕਬੱਡੀ ਖਿਡਾਰੀ ਪੱਪੀ ਖਹਿਰਾ ਨੂੰ ਮੋਟਰ ਸਾਇਕਲ ਦੀਆਂ ਚਾਬੀਆਂ ਸੋਪਦੇ ਹੋਏ ਸਪੋਰਟਸ ਕਲੱਬ ਦੇ ਮੈਂਬਰ। ਤਸਵੀਰ: ਗੁਰਨਾਮ

ਮੇਹਲੋ ਨੇ ਛੇ ਪਿੰਡਾਂ ਦੇ ਗੁਰਦੁਆਰਿਆਂ ਲਈ ਸਾਜੋ ਸਮਾਨ ਲਈ ਰਾਸ਼ੀ ਵੰਡੀ

ਕੁਹਾੜਾ 24 ਫ਼ਰਵਰੀ (ਗੁਰਨਾਮ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ੀ ਅਮ੍ਰਿਤਸਰ ਵਲੋ ਹਰ ਸਾਲ ਪਿੰਡਾਂ ਦੇ ਗੁਰਦੁਆਰਿਆਂ ਦੀ ਇਮਾਰਤ ਲਈ ਸਾਜੋ ਸਮਾਨ ਦਿੱਤਾ ਜਾਂਦਾ ਹੈ। ਐਸ.ਜੀ.ਪੀ.ਸੀ. ਵਲੋ ਹਰ ਮੈਂਬਰ ਲਈ ਪ੍ਰਤੀ ਮੈਂਬਰ ਇੱਕ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਸ ਇਲਾਕੇ ਦੇ ਮੈਂਬਰ ਬੀਬੀ ਭੁਪਿੰਦਰ ਕੌਰ ਮੇਹਲੋ ਨੇ ਆਪਣੇ ਇਸ ਕੋਟੇ ਵਿੱਚੋ ਇਸ ਇਲਾਕੇ ਦੇ ਗਦਵਾਲ, ਜੀਵਨਪੁਰ, ਕੜਿਆਣਾ ਖੁਰਦ, ਮੰਗਲੀ ਉਚੀ, ਕਾਲੇਵਾਲ ਅਤੇ ਭੈਣੀ ਕੀਮਾਂ ਦੇ ਗੁਰਦੁਆਰਿਆਂ ਲਈ ਪ੍ਰਤੀ ਪਿੰਡ ਦਸ ਹਜਾਰ ਦਾ ਇਮਾਰਤ ਦਾ ਸਾਜੋ ਸਮਾਨ ਦਿੱਤਾ। ਬੀਬੀ ਮੇਹਲੋ ਦੀ ਤਰਫੋ ਉਨ੍ਹਾਂ ਦੇ ਪਤੀ ਅਵਤਾਰ ਸਿੰਘ ਮੇਹਲੋਂ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਭੇਟ ਕੀਤਾ। ਇਸ ਮੌਕੇ ਸਰਪੰਚ ਤੇਜ ਸਿੰਘ, ਸ਼ਰਨਜੀਤ ਸਿੰਘ ਗਰਚਾ, ਬਲਦੇਵ ਸਿੰਘ ਭੂਖੜੀ, ਸੁਖਵਿੰਦਰ ਸਿੰਘ ਸਰਪੰਚ, ਦਲਜੀਤ ਸਿੰਘ ਹਵਾਸ, ਪ੍ਰਿਤਪਾਲ ਸਿੰਘ ਰਿਪਾ, ਨਿਰਮਲ ਸਿੰਘ ਖਾਲਸਾ, ਹਰਪ੍ਰੀਤ ਸਿੰਘ, ਰਮਨਦੀਪ ਸਿੰਘ, ਗੁਰਚਰਨ ਸਿੰਘ ਹਵਾਸ, ਨਿਰੀਖਕ ਦਰਸ਼ਨ ਸਿੰਘ ,ਸੁਰਿੰਦਰ ਸਿੰਘ ਗੱਦੋਵਾਲ ਹਾਜ਼ਰ ਸਨ।